# ਵਿਦੇਸ਼ਾਂ ਨਾਲੋਂ ਭਾਰਤ ’ਚ ਨਸਲਵਾਦ ਜ਼ਿਆਦਾ

## ☛ ਪੇਸ਼ੀ ਭੁਗਤ ਰਹੇ ਕਾਲੀ ਸੂਚੀ ’ਚ ਸ਼ਾਮਲ ਸੁੱਖੀ ਸਮੁੰਦਰੀ ਨੇ ਭਾਰਤੀ ਜਮਹੂਰੀਅਤ ਦਾ ਕੀਤਾ ਪਰਦਾਫਾਸ਼ ☛ ਪੁਲੀਸ ਦਹਿਸ਼ਤ ਨੇ ਨਿਗਲੇ ਪਿਓ ਤੇ ਭਰਾ



ਫ਼ਤਿਹਗੜ੍ਹ ਸਾਹਿਬ-ਸਿੱਖਾਂ ਦੀ ਕਾਲੀ ਸੂਚੀ ਵਿਚ ਦਰਜ 39 ਸਾਲਾ ਸੁਖਵਿੰਦਰ ਸਿੰਘ ਉਰਫ ਸੁੱਖੀ ਸਮੁੰਦਰੀ ਨੂੰ ਰੋਪੜ ਤੋਂ ਫ਼ਤਹਿਗੜ੍ਹ ਸਾਹਿਬ ਦੀ ਸਿਵਲ ਜੱਜ ਸੀਨੀਅਰ ਡਵੀਜ਼ਨ ਕਮ ਐਡੀਸ਼ਨਲ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿਥੇ ਜੱਜ ਨੇ ਕੇਸ ਦੀ ਸੁਣਵਾਈ ਦੀ ਅਗਲੀ ਮਿਤੀ 11 ਮਾਰਚ ਨਿਰਧਾਰਤ ਕੀਤੀ ਹੈ। ਆਪਣੇ ਵਕੀਲ ਗੁਰਪ੍ਰੀਤ ਸਿੰਘ ਸੈਣੀ ਨਾਲ ਅਦਾਲਤ ਵਿਚ ਪੇਸ਼ ਹੋਣ ਤੋਂ ਬਾਅਦ ਗੱਲਬਾਤ ਦੌਰਾਨ ਸੁੱਖੀ ਸਮੁੰਦਰੀ ਨੇ ਕਿਹਾ ਕਿ ਭਾਰਤ ਵਿਚ ਘੱਟ ਗਿਣਤੀ ਕੌਮਾਂ ਪ੍ਰਤੀ ਹਮੇਸ਼ਾ ਇਹ ਨੀਤੀ ਰਹੀ ਹੈ ਕਿ ਕੁੱਟਣਾ ਵੀ ਹੈ ਤੇ ਰੋਣ ਵੀ ਨਹੀਂ ਦੇਣਾ।

ਸੁੱਖੀ ਸਮੁੰਦਰੀ ਜੋ ਕਿ ਇੰਗਲੈਂਡ ਦੇ ਜਾਣੇ ਪਛਾਣੇ ਲੇਖਕ ਹਨ, ਨੇ ਕਿਹਾ ਕਿ ਅਸਾਂ ਸਾਹ ਉਚਾ ਲਿਆ, ਸਾਨੂੰ ਸਭ ਨੇ ਰੁਆਇਆ, ਉਨ੍ਹਾਂ ਦਿੱਲੀ ਫੂਕ ਦਿੱਤੀ ਤਾਂ ਵੀ ਪਲਕਾਂ ’ਤੇ ਬਿਠਾਇਆ । ਸੁੱਖੀ ’ਤੇ ਫਤਿਹਗੜ੍ਹ ਸਾਹਿਬ , ਮੋਹਾਲੀ ਅਤੇ ਰੋਪੜ ਜ਼ਿਲ੍ਹੇ ’ਚ ਵੱਖ ਵੱਖ ਥਾਣਿਆਂ ਵਿਚ 1987 ਵਿਚ ਉਸ ਵੇਲੇ ਮੁਕੱਦਮੇ ਦਰਜ ਕੀਤੇ ਗਏ ਸਨ ਜਦੋਂ ਉਸ ਦੀ ਉਮਰ 16 ਸਾਲ ਸੀ। ਜਨਵਰੀ 1988 ਤੋਂ ਲੈ ਕੇ ਜੁਲਾਈ 1989 ਤੱਕ ਸੁੱਖੀ ਪਟਿਆਲਾ ਅਤੇ ਬੁੜੈਲ ਜੇਲ ਵਿਚ ਬੰਦ ਰਹਿਣ ਉਪਰੰਤ ਜ਼ਮਾਨਤ ’ਤੇ ਰਿਹਾਅ ਹੋਇਆ ਸੀ। ਜੇਲ੍ਹ ਵਿਚ ਰਹਿੰਦਿਆਂ ਸੁੱਖੀ ਨੇ 1989 ਵਿਚ ਬੀ ਏ ਪਾਸ ਕੀਤੀ। ਰਿਹਾਅ ਹੋਣ ਉਪਰੰਤ ਉਸ ਨੇ ਸ਼ੀਆ ਡਿਗਰੀ ਕਾਲਜ ਲਖਨਊ ਵਿਖੇ ਐਲ ਐਲ ਬੀ ਵਿਚ ਦਾਖ਼ਲਾ ਲਿਆ ਤੇ 1993 ਵਿਚ ਵਕਾਲਤ ਦੀ ਡਿਗਰੀ ਹਾਸਲ ਕੀਤੀ। ਸੁੱਖੀ ਕਿਸੇ ਤਰ੍ਹਾਂ ਇੰਗਲੈਂਡ ਪਹੁੰਚਣ ਵਿਚ ਕਾਮਯਾਬ ਹੋ ਗਿਆ।

ਹੁਣ ਸੁੱਖੀ ਇੰਗਲੈਂਡ ਦਾ ਪੱਕਾ ਨਾਗਰਿਕ ਹੈ। ਫਰਵਰੀ 2009 ਵਿਚ ਇੰਗਲੈਂਡ ਤੋਂ ਆ ਕੇ, ਉਸ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਆਤਮ ਸਮਰਪਣ ਕਰ ਦਿੱਤਾ ਸੀ। ਹਾਈਕੋਰਟ ਦੇ ਹੁਕਮਾਂ ਤਹਿਤ ਉਹ 1987 ਵਿਚ ਦਰਜ ਹੋਏ ਮੁਕੱਦਮੇ ਭੁਗਤ ਰਿਹਾ ਹੈ। ਜ਼ਿਲ੍ਹਾ ਰੂਪਨਗਰ ਨੇੜਲੇ ਪਿੰਡ ਗੁਰਦਾਸਪੁਰਾ ਫੂਲ (ਰੇੜੂਆਣਾ) ਦਾ ਵਸਨੀਕ ਸੁੱਖੀ ਜੋ ਕਿ ਅੱਜ ਕਲ ਰੋਪੜ ਜੇਲ੍ਹ ਵਿਖੇ ਨਿਆਂਇਕ ਹਿਰਾਸਤ ਵਿਚ ਬੰਦ ਹੈ, ਉਸ ਨੇ ਕੈਪਟਨ ਅਮਰਿੰਦਰ ਸਿੰਘ ਅਤੇ ਬੀਬੀ ਬਾਦਲ ਨੂੰ ਬੇਨਤੀ ਕੀਤੀ ਕਿ ਉਹ ਪ੍ਰਵਾਸੀ ਸਿੱਖਾਂ ਦੀ ਕਾਲੀ ਸੂਚੀ ਖਤਮ ਕਰਨ ਵਾਸਤੇ ਵੀ ਆਵਾਜ਼ ਬੁਲੰਦ ਕਰਨ। ਵਿਦੇਸ਼ਾਂ ਵਿਚ ਫੈਲੇ ਨਸਲਵਾਦ ਬਾਰੇ ਸੁੱਖੀ ਨੇ ਕਿਹਾ ਕਿ ਉਥੇ ਨਾਲੋਂ ਤਾਂ ਭਾਰਤ ਵਿਚ ਜ਼ਿਆਦਾ ਪੱਖਪਾਤ ਹੁੰਦਾ ਹੈ। ਸਿੱਖ ਧਰਮ ਨੂੰ ਕਿਸੇ ਹੋਰ ਧਰਮ ਤੋਂ ਇੰਨਾ ਖ਼ਤਰਾ ਨਹੀਂ, ਜਿੰਨਾ ਅਪਣੇ ਵਿਕਾਊ ਲੀਡਰਾਂ ਤੋਂ ਹੈ। ਆਪਣੇ ਭਾਰਤ ਆਉਣ ਬਾਰੇ ਸੁੱਖੀ ਨੇ ਕਿਹਾ ਕਿ ਕਾਲੀ ਸੂਚੀ ਵਿਚ ਨਾਮ ਆਉਣ ਕਰ ਕੇ ਉਸ ਦੇ ਛੋਟਾ ਭਰਾ ਦੀ ਹਾਰਟ ਅਟੈਕ ਨਾਲ 2008 ਵਿਚ ਮੌਤ ਹੋ ਗਈ ਤੇ ਕੁਝ ਸਮੇਂ ਬਾਦ ਹਾਰਟ ਅਟੈਕ ਨਾਲ ਹੀ ਉਸ ਦੇ ਪਿਤਾ ਹਿੰਮਤ ਸਿੰਘ ਦੀ ਵੀ ਮੌਤ ਹੋ ਗਈ। ਉਹ ਤਾਂ ਆਪਣੀ ਇਕੱਲੀ ਰਹਿ ਗਈ ਮਾਤਾ ਗੁਰਚਰਨ ਕੌਰ ਦੇ ਜਿਉਂਦਿਆਂ ਇਕ ਵੇਰ ਉਨ੍ਹਾਂ ਨੂੰ ਤੱਕਣ ਵਾਸਤੇ ਭਾਰਤ ਆਇਆ ਹੈ। ਉਸ ਨੇ ਦੱਸਿਆ ਕਿ ਉਹ ਆਪਣੇ ਪਿਤਾ ਅਤੇ ਭਰਾ ਦੀਆਂ ਅੰਤਮ ਰਸਮਾਂ ਵਿਚ ਵੀ ਸ਼ਾਮਲ ਨਹੀਂ ਹੋ ਸਕਿਆ। ਉਸ ਨੂੰ ਇਸ ਗੱਲ ਦਾ ਹਮੇਸ਼ਾ ਪਛਤਾਵਾ ਰਹੇਗਾ ਕਿ ਉਸ ਕਾਰਨ, ਉਸ ਦੇ ਭਰਾ ਅਤੇ ਪਿਤਾ ਜੀ ਅਣਆਈ ਮੌਤ ਹੋ ਗਈ। ਸੁੱਖੀ ਦੀ ਮਾਤਾ ਗੁਰਚਰਨ ਕੌਰ ਦਾ ਕਹਿਣਾ ਹੈ ਕਿ ਪੰਜਾਬ ਸੰਤਾਪ ਦੀ ਕਾਲੀ ਹਨੇਰੀ ਵਿਚ ਉਸ ਦੇ 16 ਕੁ ਸਾਲ ਦੇ ਪੁੱਤਰ ਸੁਖਵਿੰਦਰ ਸਿੰਘ ਸੁੱਖੀ ’ਤੇ ਪੁਲਿਸ ਨੇ ਕਈ ਝੂਠੇ ਮੁਕੱਦਮੇ ਦਰਜ ਕਰ ਦਿੱਤੇ ਸਨ ਤੇ ਉਹ ਕਈ ਵਾਰ ਪੁਲਿਸ ਹਿਰਾਸਤ ਵਿਚ ਵੀ ਰਿਹਾ। ਝੂਠੇ ਮੁਕਾਬਲਿਆਂ ਦੇ ਡਰੋਂ ਉਹ ਇੰਗਲੈਂਡ ਜਾ ਵਸਿਆ ਅਤੇ ਉਥੇ ਰਾਜਸੀ ਸ਼ਰਨ ਲੈ ਕੇ ਅਪਣਾ ਕਾਰੋਬਾਰ ਕਰਦਾ ਰਿਹਾ, ਪਰ ਪੁਲਿਸ ਉਨ੍ਹਾਂ ਦੇ ਪਰਿਵਾਰ ਨੂੰ ਤੰਗ ਪ੍ਰੇਸ਼ਾਨ ਕਰਦੀ ਰਹੀ, ਜਿਸ ਕਰ ਕੇ ਉਨ੍ਹਾਂ ਨੇ ਆਪਣਾ ਦੂਜਾ ਪੁੱਤਰ ਸੁਖਬੀਰ ਸਿੰਘ ਲਾਲੀ 1995 ਵਿਚ ਪੁਲਿਸ ਦੇ ਡਰੋਂ ਬੈਲਜੀਅਮ ਭੇਜ ਦਿੱਤਾ, ਜਿਸ ਦੀ ਉਦੋਂ ਉਮਰ 20 ਕੁ ਸਾਲ ਸੀ। ਉਸ ਦਾ ਕਿਸੇ ਵੀ ਪੁਲਿਸ ਮੁਕੱਦਮੇ ਨਾਲ ਸਰੋਕਾਰ ਨਹੀਂ ਸੀ । ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਇਕ ਬੇਟੀ ਕੈਨੇਡਾ ਦੀ ਵਸਨੀਕ ਹੈ। ਜਦੋਂ ਲਾਲੀ ਨੂੰ 2004 ਵਿਚ ਭਾਰਤ ਆਉਣ ਲਗਿਆਂ ਤਾਂ ਉਸ ਨੂੰ ਦਿੱਲੀ ਹਵਾਈ ਅੱਡੇ ’ਤੇ ਇਹ ਕਹਿ ਕੇ ਰੋਕ ਲਿਆ ਗਿਆ ਕਿ ਉਸ ਦਾ ਨਾਂ ਕਾਲੀ ਸੂਚੀ ਵਿਚ ਦਰਜ ਹੈ। ਇਸ ਨਾਲ ਉਸ ਨੂੰ ਇੰਨੀ ਪ੍ਰੇਸ਼ਾਨੀ ਹੋਈ ਕਿ ਉਹ ਸਦਮਾ ਨਾ ਸਹਾਰਦਾ ਹੋਇਆ 2008 ਵਿਚ ਚਲ ਵਸਿਆ।

# ਗੁਰਦੁਆਰਾ ਕਮਿਸ਼ਨ ਵੱਲੋਂ ਚੋਣਾਂ ਲਈ ਚਾਰ ਰਾਜਾਂ ਦੇ ਚੋਣ ਅਧਿਕਾਰੀਆਂ ਨਾਲ ਮੀਟਿੰਗ

## ☛ ਗੁਰਦੁਆਰਾ ਚੋਣਾਂ ਸਤੰਬਰ ਤੱਕ ਲਟਕਣ ਦੀ ਸੰਭਾਵਨਾ

ਚੰਡੀਗੜ੍ਹ-ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂਨੂੰ ਕਰਵਾਉਣ ਲਈ ਭਾਰਤ ਸਰਕਾਰ ਵੱਲੋਂ ਨਿਯੁਕਤ ਕੀਤੇ ਗਏ ਗੁਰਦੁਆਰਾ ਮੁੱਖ ਚੋਣਾਂ ਕਮਿਸ਼ਨਰ ਜਸਟਿਸ ਹਰਫੂਲ ਸਿੰਘ ਬਰਾੜ ਨੇ ਚੰਡੀਗੜ੍ਹ ਸਥਿਤ ਆਪਣੇ ਦਫਤਰ ਵਿਖੇ ਹਰਿਆਣਾ, ਹਿਮਾਚਲ, ਚੰਡੀਗੜ੍ਹ ਅਤੇ ਪੰਜਾਬ ਦੇ ਮੁੱਖ ਚੋਣਾਂ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਪੰਜਾਬ ਦੇ ਮੁੱਖ ਗੁਰਦੁਆਰਾ ਚੋਣਾਂ ਕਮਿਸ਼ਨਰ ਡਾ. ਕੁਲਬੀਰ ਸਿੰਘ ਆਈ ਏ ਐਸ, ਹਰਿਆਣਾ ਦੇ ਮੁੱਖ ਸਹਾਇਕ ਚੋਣਾਂ ਕਮਿਸ਼ਨਰ ਸੁਭਾਸ਼ ਗੋਇਲ, ਹਿਮਾਚਲ ਦੇ ਸਹਾਇਕ ਚੋਣਾਂ ਕਮਿਸ਼ਨਰ ਕੇਵਲ ਸ਼ਰਮਾ ਅਤੇ ਚੰਡੀਗੜ੍ਹ ਦੇ ਸਹਾਇਕ ਗੁਰਦੁਆਰਾ ਚੋਣਾਂ ਕਮਿਸ਼ਨਰ ਅਸ਼ਵਨੀ ਕੁਮਾਰ ਨੇ ਇਸ ਮੀਟਿੰਗ ਵਿੱਚ ਭਾਗ ਲਿਆ।

ਇਸ ਸਮੇਂ ਉਨ੍ਹਾਂ ਦੇ ਨਾਲ ਗੁਰਦੁਆਰਾ ਚੋਣਾਂ ਕਮਿਸ਼ਨ ਦੇ ਸਕੱਤਰ ਗੁਰਦੇਵ ਸਿੰਘ ਵੀ ਮੀਟਿੰਗ ਵਿੱਚ ਹਾਜਰ ਸਨ। ਮੀਟਿੰਗ ਤੋਂ ਬਾਅਦ ਗੁਰਦੁਆਰਾ ਕਮਿਸ਼ਨ ਜਸਟਿਸ ਬਰਾੜ ਵੱਲੋਂ ਪ੍ਰੈੱਸ ਮਿਲਣੀ ਦੌਰਾਨ ਜਿੱਥੇ ਗੁਰਦੁਆਰ ਚੋਣਾਂ ਨੂੰ ਕਰਵਾਉਣ ਲਈ ਤਿਆਰੀਆਂ ਬਾਰੇ ਚਰਚਾ ਕੀਤੀ ਉੱਥੇ ਉਨ੍ਹਾਂ ਚੋਣਾਂ ਨੂੰ ਟਾਲਣ ਦੇ ਵੀ ਸੰਕੇਤ ਦੇ ਦਿੱਤੇ। ਗੁਰਦੁਆਰਾ ਕਮਿਸ਼ਨ ਜਸਟਿਸ ਬਰਾੜ ਦੀ ਬੰਦ ਕਮਰਾ ਚਾਰੇ ਰਾਜਾਂ ਨਾਲ ਸੰਬੰਧਿਤ ਚੋਣਾਂ ਅਧਿਕਾਰੀਆਂ ਨਾਲ ਚੱਲੀ ਮੀਟਿੰਗ ਤੋਂ ਬਾਅਦ ਉਨ੍ਹਾਂ ਕਿਹਾ ਕਿ ਗੁਰਦੁਆਰਾ ਚੋਣਾਂ ਸੰਬੰਧੀ ਵੋਟਰਾਂ ਲਈ ਉਨ੍ਹਾਂ ਵੱਲੋਂ ਪ੍ਰਕਿਰਿਆ ਆਰੰਭ ਕਰ ਦਿੱਤੀ ਗਈ ਹੈ ਜਿਸ ਲੜੀ ਤਹਿਤ 80 ਲੱਖ ਫਾਰਮ ਚਾਰੇ ਰਾਜਾਂ ਵਿੱਚ ਵੋਟਰਾਂ ਦੀ ਰਜਿਸਟਰੇਸ਼ਨ ਵਾਸਤੇ ਭੇਜ ਦਿੱਤੇ ਗਏ ਹਨ ਅਤੇ ਇਸ ਸੰਬੰਧੀ ਇੱਕ ਦੋ ਹਫਤੇ ਵਿੱਚ ਸਬੰਧਿਤ ਚੋਣਾਂ ਰਜਿਸਟਰੇਸ਼ਨ ਅਧਿਕਾਰੀਆਂ ਨੂੰ ਪੂਰਾ ਪ੍ਰੋਗਰਾਮ ਭੇਜ ਦਿੱਤਾ ਜਾਵੇਗਾ।

ਜਸਟਿਸ ਬਰਾੜ ਨੇ ਕਿਹਾ ਕਿ ਇਸ ਵਾਰ ਸਿਰਫ ਕੇਸਾਧਾਰੀ ਹੀ ਸਿੱਖਾਂ ਦੀਆਂ ਵੋਟਾਂ ਵੋਟਰ ਸੂਚੀ ਵਿੱਚ ਦਰਜ ਕੀਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਚਾਰੇ ਰਾਜਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਵਿੱਚ ਜਿੱਥੇ ਗੁਰਦੁਆਰਾ ਐਕਟ ਅਨੁਸਾਰ ਵੋਟਰ ਸੂਚੀ ਵਿੱਚ ਵੋਟਰਾਂ ਬਾਰੇ ਪ੍ਰੋਗਰਾਮ ਤਿਆਰ ਕੀਤਾ ਗਿਆ ਹੈ। ਉਸ ਨੂੰ ਹੇਠਲੇ ਚੋਣ ਰਜਿਸਟਰੇਸ਼ਨ ਅਧਿਕਾਰੀਆਂ ਤੱਕ ਪਹੁੰਚਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ ਹੈ ਤਾਂ ਜੋ ਜਾਅਲੀ ਵੋਟ ਨਾ ਬਣ ਸਕੇ। ਜਸਟਿਸ ਬਰਾੜ ਅਨੁਸਾਰ ਵੋਟਰ ਸੂਚੀਆਂ ਦਾ ਕੰਮ ਦੋ ਮਹੀਨੇ ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਦੱਸਿਆ ਕਿ ਜੇਕਰ ਉਨ੍ਹਾਂ ਕੋਲ ਸਾਰੀਆਂ ਚੋਣਾਂ ਨਾਲ ਸੰਬੰਧਿਤ ਸਮੱਗਰੀ ਅਤੇ ਸਹੂਲਤਾਂ ਪੂਰੀਆਂ ਹੋ ਜਾਂਦੀਆਂ ਹਨ ਤਾਂ ਉਹ ਪੰਜ-ਛੇ ਮਹੀਨੇ ਵਿੱਚ ਗੁਰਦੁਆਰਾ ਚੋਣਾਂ ਕਰਵਾਉਣ ਲਈ ਨੋਟੀਫਿਕੇਸ਼ਨ ਜਾਰੀ ਕਰ ਸਕਦੇ ਹਨ, ਪਰ ਇਸ ਸਮੇਂ ਉਨ੍ਹਾਂ ਇਹ ਵੀ ਕਿਹਾ ਕਿ ਕਈ ਪਾਰਟੀਆਂ ਵੱਲੋਂ ਜੇਕਰ ਉਨ੍ਹਾਂ ਕੋਲ ਹਾੜੀ ਦੀ ਫਸਲ ਦੀ ਕਟਾਈ ਹੋਣ ਕਾਰਨ ਵੋਟਾਂ ਦੇਰੀ ਨਾਲ ਕਰਵਾਉਣ ਦੀ ਮੰਗ ਆਉਂਦੀ ਹੈ ਤਾਂ ਵੋਟਰਾਂ ਦੀ ਸਮੱਸਿਆ ਧਿਆਨ ਵਿੱਚ ਰੱਖਦੇ ਹੋਏ ਗੁਰਦੁਆਰਾ ਚੋਣਾਂ ਲੇਟ ਵੀ ਹੋ ਸਕਦੀਆਂ ਹਨ।

# ਗੁਰਦੁਆਰਾ ਬੰਗਲਾ ਸਾਹਿਬ ਕੀਰਤਨ ਰੁਕਵਾ ਕੇ ਅਡਵਾਨੀ ਤੇ ਸੁਸ਼ਮਾ ਸਵਰਾਜ ਨੇ ਗੁਰ ਮਰਿਆਦਾ ਦਾ ਅਪਮਾਨ ਕੀਤਾ : ਸਰਨਾ



ਨਵੀਂ ਦਿੱਲੀ-ਭਾਰਤੀ ਜਨਤਾ ਪਾਰਟੀ ਦੇ ਨੇਤਾ ਅਤੇ ਸਾਬਕਾ ਉਪ ਪ੍ਰਧਾਨ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਅਤੇ ਸੁਸ਼ਮਾ ਸਵਰਾਜ ਪਿਛਲੇ ਦਿਨੀਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਿਨਾਂ ਸੂਚਨਾ ਦਿੱਤੇ ਗੁਰਦੁਆਰਾ ਬੰਗਲਾ ਸਾਹਿਬ ਆਏ। ਉਸ ਸਮੇਂ ਉਥੇ ਕੀਰਤਨ ਚੱਲ ਰਹੇ ਰਿਹਾ ਸੀ, ਇਹ ਦੋਵੇਂ ਨੇਤਾ ਬਾਦਲ ਅਕਾਲੀ ਦਲ ਦੇ ਇੱਕ ਸਾਂਸਦ ਨਾਲ ਜ਼ਬਰਦਸਤੀ ਸਟੇਜ ‘ਤੇ ਬੈਠ ਗਏ, ਜਿਸ ਨਾਲ ਉਥੇ ਚੱਲ ਰਹੇ ਕੀਰਤਨ ‘ਚ ਰੁਕਾਵਟ ਪਈ। ਇੱਥੇ ਬੱਸ ਨਹੀਂ ਬਾਦਲ ਦਲ ਦੇ ਉਨ੍ਹਾਂ ਸਮਰਥਕਾਂ ਵੱਲੋਂ ਇਸ ਮੌਕੇ ਦੋਵਾਂ ਭਾਜਪਾ ਆਗੂਆਂ ਨੂੰ ਸਿਰੋਪਾਓ ਵੀ ਭੇਟ ਕੀਤੇ ਗਏ। ਇਸ ਤਰ੍ਹਾਂ ਉਨ੍ਹਾਂ ਲੋਕਾਂ ਨੇ ਗੁਰੂ ਮਰਿਆਦਾ ਦਾ ਅਪਮਾਨ ਕੀਤਾ ਹੈ, ਜਿਸ ਲਈ ਉਨ੍ਹਾਂ ਨੂੰ ਸਿੱਖ ਭਾਈਚਾਰੇ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕੀਤਾ।

ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵਾਂ ਨੇਤਾਵਾਂ ਦਾ ਕਹਿਣਾ ਹੈ ਕਿ ਉਹ ਪਾਕਿਸਤਾਨ ‘ਚ ਤਾਲਿਬਾਨੀਆਂ ਹੱਥੋਂ ਮਾਰੇ ਗਏ ਦੋ ਸਿੱਖਾਂ ਲਈ ਅਰਦਾਸ ਕਰਨ ਆਏ ਸਨ। ਸਰਨਾ ਨੇ ਕਿਹਾ ਕਿ ਜੇਕਰ ਉਨ੍ਹਾਂ ਨੂੰ ਸਿੱਖਾਂ ਦੇ ਕਤਲ ਦਾ ਇੰਨਾ ਹੀ ਦੁੱਖ ਸੀ ਤਾਂ ਉਹ ਉਪ ਮੁੱਖ ਮੰਤਰੀ ਰਹਿੰਦਿਆਂ ਉਸ ਸਮੇਂ ਕਸ਼ਮੀਰ ਕਿਉਂ ਨਹੀਂ ਗਏ ਜਦੋਂ ਛੱਤੀਸ ਸਿੰਘਪੁਰਾ 32 ਸਿੱਖਾਂ ਨੂੰ ਕਤਲ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਅਡਵਾਨੀ ਅਤੇ ਸੁਸ਼ਮਾ ਸਵਰਾਜ ਦੀ ਕਾਰਵਾਈ ਰਾਜਨੀਤੀ ਤੋਂ ਪ੍ਰੇਰਿਤ ਹੈ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਅਲੋਚਨਾ ਕਰਦਿਆਂ ਕਿਹਾ ਕਿ ਬਾਦਲ ਦਲ ਪਾਕਿਸਤਾਨ ਵਿਖੇ ਕਤਲ ਹੋਏ ਸਿੱਖਾਂ ਦੀ ਘਟਨਾ ‘ਤੇ ਵੀ ਰਾਜਨੀਤੀ ਕਰ ਰਹੇ ਹਨ। ਉਨ੍ਹਾਂ ਵੱਲੋਂ ਤਾਲਿਬਾਨੀਆਂ ਖਿਲਾਫ਼ ਕੀਤਾ ਜਾ ਰਿਹਾ ਪ੍ਰਦਰਸ਼ਨ ਨਾਟਕ ਹੈ।

ਜੇ. ਐਸ. ਵਿੰਡੋਜ਼ ਲਿਮਟਿਡ
10 YEARS GUARANTEE
ਬਰਤਾਨੀਆ ਭਰ ਵਿਚ ਡਬਲ ਗਲੇਜ਼ਿੰਗ, ਪੈਟੀਓ ਡੋਰਜ਼ ਅਤੇ ਹੋਰ ਬਿਲਡਿੰਗ ਕੰਮਾਂ ਲਈ ਸਾਡੇ ਚਿਰਾਂ ਦੇ ਤਜ਼ਰਬਿਆਂ ਦਾ ਲਾਭ ਉਠਾਓ। ਸ਼ਾਪ ਫਿਟਿੰਗ ਅਤੇ ਡਬਲ ਗਲੇਜ਼ਿੰਗ ਦੇ ਮਾਹਿਰ ਜੇ ਐਸ ਵਿੰਡੋਜ਼ ਦੇ ਮਾਲਕ ਸ: ਜਸਵੀਰ ਸਿੰਘ ਹਰ ਕੰਮ ਆਪਣੀ ਨਿੱਜੀ ਦੇਖ ਰੇਖ ਹੇਠ ਕਰਦੇ ਹਨ। ਦਾਮ ਤਾਂ ਵਾਜਬ ਹੀ ਹੁੰਦੇ ਹਨ ਅਤੇ ਹਰ ਕੰਮ ਦੀ ਪੂਰੀ ਗਾਰੰਟੀ ਵੀ ਹੁੰਦੀ ਹੈ। ਮੁਫ਼ਤ ਕੁਟੇਸ਼ਨ ਦੇ ਲਈ ਇਕ ਵਾਰੀ ਜ਼ਰੂਰ ਫੋਨ ਕਰੋ ਜਾਂ ਤਸ਼ਰੀਫ ਲੈ ਆਓ।

* FREE ESTIMATES * QUICK SERVICE
* ALL WORKS GURANTEED * JOB UNDERTAKEN
FOR FREE ESTIMATE PLEASE RING : S. JASBIR SINGH
J.S. WINDOWS Ltd.
BETAM ROAD, HAYES, MIDDX.UB3 1SR
TEL : 0208-561-7791 FAX: 0208-561-8080
M : 07956-834631 / FREE Phone: 0800-169-5505